# ਪੰਜਾਬ ਸਕੂਲ ਸਿੱਖਿਆ ਬੋਰਡ

## (ਪ੍ਰੈੱਸ ਨੋਟ)

## ਬੋਰਡ ਵੱਲੋਂ ਸਹਿ-ਵਿੱਦਿਅਕ ਮੁਕਾਬਲਿਆਂ ਦੀ ਜੱਜਮੈਂਟ ਲਈ ਪ੍ਰਤਿ-ਬੇਨਤੀਆਂ ਦੀ ਮੰਗ

ਐੱਸ.ਏ.ਐੱਸ 3 ਜੁਲਾਈ (    ) ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਕੱਤਰ ਸ੍ਰੀਮਤੀ ਹਰਗੁਣਜੀਤ ਕੌਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਹਰ ਸਾਲ ਕਰਵਾਏ ਜਾਂਦੇ ਸਹਿ-ਵਿੱਦਿਅਕ ਮੁਕਾਬਲਿਆਂ ਦੀ ਜੱਜਮੈਂਟ ਕਰਨ ਲਈ ਜੱਜ ਨਿਯੁਕਤ ਕੀਤੇ ਜਾਣੇ ਹਨ।

ਉਨ੍ਹਾਂ ਨੇ ਦੱਸਿਆ ਕਿ ਵਿੱਦਿਅਕ ਸਾਲ 2●18-19 ਦੌਰਾਨ ਵਿਦਿਆਰਥੀਆਂ ਦੇ ਸ਼ਬਦ ਗਾਇਨ, ਲੋਕ ਗੀਤ, ਭੰਗੜਾ, ਗਿੱਧਾ, ਲੋਕ ਨਾਚ, ਇਕਾਂਗੀ, ਗਤਕਾ, ਵਾਰ ਅਤੇ ਕਵੀਸ਼ਰੀ ਆਦਿ ਮੁਕਾਬਲੇ ਕਰਵਾਏ ਜਾਣੇ ਹਨ। ਇਹਨਾਂ ਮੁਕਾਬਲਿਆਂ ਲਈ ਪੇਸ਼ੇਵਰ/ਕਾਲਜ ਅਧਿਆਪਕ / ਸਕੂਲ ਅਧਿਆਪਕ (ਸਰਕਾਰੀ, ਐਫੀਲੀਏਟਿਡ ਜਾਂ ਮਾਨਤਾ ਪ੍ਰਾਪਤ) ਜੱਜਮੈਂਟ ਕਰਨ ਲਈ ਜੱਜ ਵਜੋਂ ਆਪਣੀ ਪ੍ਰਤਿ-ਬੇਨਤੀ ਭੇਜ ਸਕਦੇ ਹਨ।

ਸਕੱਤਰ ਜੀ ਨੇ ਇਹ ਵੀ ਦੱਸਿਆ ਕਿ ਉਪਰੋਕਤ ਸਹਿ-ਵਿੱਦਿਅਕ ਮੁਕਾਬਲਿਆਂ ਤੋਂ ਇਲਾਵਾ ਸੁੰਦਰ ਲਿਖਾਈ, ਚਿੱਤਰਕਲਾ, ਸੋਲੋ ਡਾਂਸ, ਭਾਸ਼ਣ, ਕਵਿਤਾ, ਆਮ ਗਿਆਨ, ਮੌਲਿਕ ਲਿਖਤ ਅਤੇ ਸਹੀ ਸ਼ਬਦ-ਜੋੜ ਮੁਕਾਬਲਿਆਂ ਲਈ ਕੇਵਲ ਸਕੂਲ ਅਧਿਆਪਕ (ਸਰਕਾਰੀ, ਐਫੀਲੀਏਟਿਡ ਜਾਂ ਮਾਨਤਾ ਪ੍ਰਾਪਤ) ਹੀ ਆਪਣੀ ਪ੍ਰਤਿ ਬੇਨਤੀ ਭੇਜ ਸਕਦੇ ਹਨ।

ਉਨ੍ਹਾਂ ਨੇ ਅੱਗੇ ਦੱਸਿਆ ਕਿ ਜਿਹੜੇ ਅਧਿਆਪਕ ਜਾਂ ਪੇਸ਼ੇਵਰ ਸਖਸ਼ੀਅਤਾਂ ਜੱਜਮੈਂਟ ਲਈ ਆਪਣੀ ਪ੍ਰਤਿ ਬੇਨਤੀ ਭੇਜਣਾ ਚਾਹੁੰਦੇ ਹਨ ਉਹ ਆਪਣਾ ਨਾਂ, ਪਿਤਾ ਦਾ ਨਾਂ, ਇੱਕ ਪਾਸਪੋਰਟ ਸਾਈਜ਼ ਫੋਟੋ, ਘਰ ਦਾ ਪੱਕਾ ਪਤਾ ਮੋਬਾਇਲ ਨੰ:, ਈ-ਮੇਲ ਪਤਾ, ਵਿੱਦਿਅਕ ਯੋਗਤਾ, ਜੱਜਮੈਂਟ ਦਾ ਤਜ਼ਰਬਾ, ਸੰਸਥਾ ਦਾ ਪੂਰਾ ਨਾਂ ਅਤੇ ਪਤਾ, ਸੰਸਥਾ ਮੁਖੀ ਦਾ ਫੋਨ ਨੰ: ਸੰਸਥਾ ਦਾ ਈ ਮੇਲ ਪਤਾ ਆਦਿ ਪ੍ਰੋਫਾਰਮੇ ਦੇ ਰੂਪ ਵਿੱਚ ਭਰ ਕੇ ਡਿਪਟੀ ਡਾਇਰੈਕਟਰ ਫੀਲਡ ਪ੍ਰੋਗਰਾਮ, ਪੰਜਾਬ ਸਕੂਲ ਸਿੱਖਿਆ ਬੋਰਡ, ਐੱਸ.ਏ.ਐੱਸ ਨਗਰ, ਫੇਜ਼-8 ਮੁਹਾਲੀ ਦੇ ਨਾਂ ਤੇ 1● ਜੁਲਾਈ ਤੱਕ ਭੇਜਣ। ਇਸ ਸਬੰਧੀ ਹੋਰ ਵਧੇਰੇ ਜਾਣਕਾਰੀ ਲਈ ਫੋਨ ਨੰ: 9888●-22647, 98726-854●● 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਮਿਤੀ:-**03-07-2018**

ਕੋਮਲ ਸਿੰਘ (ਲੋਕ ਸੰਪਰਕ ਦਫ਼ਤਰ)
ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner